# DR. T.R. VINOD DI NAVAL ALOCHNA: MARKSVADI ALOCHAK DE SANDHRBH CH

# ਡਾ. ਟੀ. ਆਰ. ਵਿਨੋਦ ਦੀ ਨਾਵਲ ਆਲੋਚਨਾ: ਮਾਰਕਸਵਾਦੀ ਆਲੋਚਕ ਦੇ ਸੰਦਰਭ 'ਚ

**ਪਾਲਜੀਤ ਕੌਰ** (Paljeet Kaur)
**ਖੋਜਾਰਥਣ** (Research Scholar)

**ਡਾ. ਰਮਨਦੀਪ ਕੌਰ** (Dr. Ramandeep Kaur)
**ਨਿਗਰਾਨ** (Research Guide)

**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ (ਪੰਜਾਬ)**

**Email ID: paljeetkaur023@gmail.com** **ਮੋਬਾਈਲ: +91- 82952-49864**

**ABSTRACT**

*ਪੰਜਾਬੀ ਆਲੋਚਨਾ ਸਾਹਿਤ ਵਿੱਚ ਡਾ. ਟੀ. ਆਰ. ਵਿਨੋਦ ਮਾਰਕਸਵਾਦੀ ਆਲੋਚਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਡਾ. ਵਿਨੋਦ ਤੋਂ ਪਹਿਲਾਂ ਮਾਰਕਸਵਾਦੀ ਆਲੋਚਨਾ ਦਾ ਮੁੱਢ ਬੰਨਣ ਵਾਲੇ ਆਲੋਚਕਾਂ ਵਿੱਚ ਪ੍ਰਿੰ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਦਾ ਨਾਮ ਪ੍ਰਮੁੱਖ ਹੈ। ਪੰਜਾਬੀ ਆਲੋਚਨਾ ਜਗਤ ਵਿੱਚ ਡਾ.ਟੀ.ਆਰ.ਵਿਨੋਦ ਨੇ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਵਿਸ਼ੇਸ਼ ਯੋਗਦਾਨ ਪਾਇਆ ਹੈ। ਡਾ. ਵਿਨੋਦ ਗੰਭੀਰ ਅਤੇ ਸੂਖਮ ਦ੍ਰਿਸ਼ਟੀ ਦਾ ਮਾਲਕ ਹੈ। ਉਸ ਦੀ ਖੋਜ ਦਾ ਵਿਸ਼ੇਸ਼ ਖੇਤਰ ਪੰਜਾਬੀ ਸੰਸਕ੍ਰਿਤੀ ਅਤੇ ਗਲਪ ਜਗਤ ਹੈ। ਪੰਜਾਬੀ ਨਾਵਲ ਆਲੋਚਨਾ ਜਗਤ ਵਿੱਚ ਸ਼ਾਇਦ ਹੀ ਕੋਈ ਅਜਿਹਾ ਲੇਖਕ, ਆਲੋਚਕ ਜਾਂ ਖੋਜਾਰਥੀ ਹੋਵੇਗਾ ਜੋ ਡਾ. ਵਿਨੋਦ ਦੇ ਨਾਮ ਤੋਂ ਜਾਣੂ ਨਾ ਹੋਵੇ। ਡਾ. ਟੀ .ਆਰ. ਵਿਨੋਦ ਦੀ ਆਲੋਚਨਾ ਦ੍ਰਿਸ਼ਟੀ ਦਾ ਦਾਰਸ਼ਨਿਕ ਆਧਾਰ ਮਾਰਕਸਵਾਦ ਹੈ। ਡਾ. ਵਿਨੋਦ ਨੇ ਮਾਰਕਸਵਾਦ ਨੂੰ ਆਧਾਰ ਬਣਾਉਂਦੇ ਸਮੇਂ ਕਦੇ ਵੀ ਇਸ ਦੇ ਬੁਨਿਆਦੀ ਸਿਧਾਂਤ ਨੂੰ ਅੱਖੋਂ ਪਰੋਖੇ ਨਹੀਂ ਕੀਤਾ। ਡਾ. ਵਿਨੋਦ ਨੇ ਭਾਰਤੀ ਸੰਸਕ੍ਰਿਤੀ ਅਤੇ ਸਮਾਜ ਨੂੰ ਸਮਝਣ ਲਈ ਮਾਰਕਸਵਾਦ ਦੇ 'ਜਮਾਤ'ਦੇ ਸੰਕਲਪ ਦੇ ਨਾਲ-ਨਾਲ 'ਜਾਤ'ਦੇ ਸੰਕਲਪ ਨੂੰ ਵੀ ਜੋੜਿਆ ਹੈ। ਡਾ. ਵਿਨੋਦ ਚਿੰਤਨ ਖੇਤਰ ਵਿੱਚ ਇਸ ਬਾਰੇ ਬਹੁਤ ਸਪਸ਼ਟ ਹੈ ਕਿ ਜੇਕਰ ਸਹੀ ਅਰਥਾਂ ਵਿੱਚ ਸਰਬੱਤ ਦਾ ਭਲਾ ਮੰਗਣ ਵਾਲੇ ਸਮਾਜ ਦੀ ਸਿਰਜਣਾ ਕਰਨੀ ਹੈ ਤਾਂ ਲਿਤਾੜੀ ਧਿਰ ਨੂੰ ਇੱਕਜੁੱਟ ਹੋ ਕੇ ਜਦੋਜਹਿਦ ਕਰਨੀ ਪਵੇਗੀ। ਡਾ.ਵਿਨੋਦ ਦੇ ਚਿੰਤਨ ਖੇਤਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਇੱਕੋ ਸਮੇਂ ਸਾਹਿਤ ਸ਼ਾਸਤਰ ਅਤੇ ਸਮਾਜ ਸ਼ਾਸਤਰ ਦੋਨਾਂ ਖੇਤਰਾਂ ਦਾ ਗਹਿਰ-ਗੰਭੀਰ ਵਿਦਵਾਨ ਹੈ।*

***ਕੀਵਰਡ : ਡਾ. ਟੀ. ਆਰ. ਵਿਨੋਦ, ਮਾਰਕਸਵਾਦੀ ਆਲੋਚਕ, ਸਿਧਾਂਤਕ ਪੱਖ, ਡਾ. ਵਿਨੋਦ ਦਾ ਮਾਰਕਸਵਾਦੀ ਆਲੋਚਨਾ ਸਬੰਧੀ ਵਿਸ਼ੇਸ਼ ਯੋਗਦਾਨ।***

ਪੰਜਾਬੀ ਨਾਵਲ ਆਲੋਚਨਾ ਦੇ ਖੇਤਰ ਵਿੱਚ ਡਾ. ਟੀ. ਆਰ. ਵਿਨੋਦ ਦਾ ਨਾਂ ਕਿਸੇ ਪਹਿਚਾਣ ਦਾ ਮੁਹਤਾਜ ਨਹੀਂ। ਡਾ. ਟੀ. ਆਰ. ਵਿਨੋਦ ਨੇ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ, 1958 ਵਿੱਚ, ਆਪਣੇ ਪਹਿਲੇ ਆਲੋਚਨਾਤਮਕ ਨਿਬੰਧ 'ਭਾਰਤੀ ਰਸ ਸਿਧਾਂਤਾਂ' ਨਾਲ ਆਰੰਭ ਕੀਤਾ। ਡਾ. ਵਿਨੋਦ ਦਾ ਇਹ ਲੇਖ 'ਸਾਹਿਤ ਸਮਾਚਾਰ' ਪਤ੍ਰਿਕਾ ਵਿੱਚ ਛਪਿਆ ਸੀ ਜੋ ਉਸ ਸਮੇਂ ਦੀ ਇਕ ਪ੍ਰਸਿੱਧ ਪਤ੍ਰਿਕਾ ਸੀ। ਵਿਦਵਾਨਾਂ ਨੇ ਇਸ ਲੇਖ ਦੀ ਵਿਲੱਖਣਤਾ ਅਤੇ ਵਿਸ਼ੇਸ਼ਤਾ ਕਰਕੇ ਇਸ ਲੇਖ ਨੂੰ ਬਹੁਤ ਸਲਾਹਿਆ । ਵਿਦਵਾਨਾਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਕਰਕੇ ਡਾ. ਵਿਨੋਦ ਨੇ ਸਾਹਿਤ ਸਭਾ ਬਰਨਾਲਾ ਵੱਲੋਂ 1963 ਵਿੱਚ ਬਾਬਾ ਬਲਵੰਤ ਦੇ ਸਨਮਾਨ ਵਿੱਚ ਕੀਤੇ ਸਮਾਗਮ ਸਮੇਂ "ਪ੍ਰਗਤੀਵਾਦ ਅਤੇ ਪੰਜਾਬੀ ਸਾਹਿਤ" ਉੱਪਰ ਪਰਚਾ ਪੜ੍ਹਿਆ, ਇੱਕ ਆਲੋਚਕ ਵਜੋਂ ਸਾਹਿਤਿਕ ਸਮਾਗਮ ਵਿੱਚ ਇਹ ਡਾ. ਵਿਨੋਦ ਦਾ ਪਹਿਲਾ ਯਤਨ ਸੀ । ਪਰਚਾ ਪੜ੍ਹਨ ਤੋਂ ਬਾਅਦ ਵਿਦਵਾਨਾਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਕਾਰਨ ਡਾ. ਵਿਨੋਦ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਅੱਗੇ ਵੱਧਦਾ ਤੁਰਦਾ ਗਿਆ ਅਤੇ ਉਸਨੇ ਪੰਜਾਬੀ ਗਲਪ ਆਲੋਚਨਾ ਦਾ ਖੇਤਰ ਚੁਣਿਆ। ਪੰਜਾਬੀ ਨਾਵਲ ਆਲੋਚਨਾ ਨਾਲ ਸੰਬੰਧਿਤ ਡਾ. ਟੀ. ਆਰ. ਵਿਨੋਦ ਦੀਆਂ ਪ੍ਰਮੁੱਖ ਪੁਸਤਕਾਂ ਹਨ- ਪੰਜ ਨਾਵਲ: ਇਕ ਮੁਲਾਂਕਣ (1984), ਪੰਜਾਬੀ ਨਾਵਲ ਅਧਿਐਨ (1988), ਪੰਜਾਬੀ ਨਾਵਲ ਦਾ ਸੰਸਕ੍ਰਿਤਿਕ ਅਧਿਐਨ (1990), ਸਾਹਿਤ ਆਲੋਚਨਾ (ਸਿਧਾਂਤ ਅਤੇ ਸਿਧਾਂਤਕਾਰ) (1997), ਆਓ ਨਾਵਲ ਪੜ੍ਹੀਏ (1999), ਨਾਨਕ ਸਿੰਘ ਪੜ੍ਹਦਿਆਂ (2002), ਪੰਜਾਬੀ ਆਲੋਚਨਾ ਸ਼ਾਸਤਰ (2007) ਆਦਿ। ਹਰਭਜਨ ਸਿੰਘ ਭਾਟੀਆ ਅਨੁਸਾਰ-

> *"ਸਿਧਾਂਤ ਦੀ ਸਿਰਜਣਾ ਆਵੇਸ਼ ਜਾਂ ਮਨਨ ਵਿੱਚੋਂ ਨਹੀਂ ਹੁੰਦੀ ਬਲਕਿ ਪਾਠਾਂ ਦੀ ਲੰਮੀ ਪਰੰਪਰਾ ਵਿੱਚੋਂ ਦੁਹਰਾਏ ਗੁਣਾਂ ਦੇ ਮੰਥਨ ਵਿੱਚੋਂ ਹੁੰਦੀ ਹੈ।"*[1]

ਇਸ ਨਿਯਮ ਵਿੱਚੋਂ ਅੰਤਰ ਦ੍ਰਿਸ਼ਟੀਆਂ ਪ੍ਰਾਪਤ ਕਰਦੇ ਹੋਏ ਦ੍ਰਿਸ਼ਟੀਗੋਚਰ ਸੂਤਰਾਂ ਦੇ ਆਧਾਰ ਉੱਪਰ ਡਾ. ਟੀ.ਆਰ. ਵਿਨੋਦ ਦੀ ਸਾਹਿਤ ਸਮੀਖਿਆ ਦੇ ਗੁਣਾਂ ਦੇ ਮੰਥਨ ਦੀ ਪ੍ਰਕਿਰਿਆ ਵਿੱਚੋਂ ਗੁਜਰਦੇ ਹੋਏ, ਉਸਦੇ ਸਾਹਿਤ- ਚਿੰਤਨ

ਦੇ ਸਿਧਾਂਤਕ ਪਰਿਪੇਖ ਸਬੰਧੀ ਤੱਥਾਂ ਦੀ ਪੇਸ਼ਕਾਰੀ ਕਰਨ ਦੀ ਕੋਸ਼ਿਸ਼ ਕਰਾਂਗੇ। ਹਰਭਜਨ ਸਿੰਘ ਭਾਟੀਆ ਦਾ ਕਥਨ ਹੈ-

*"ਸਿਧਾਂਤ ਦੀ ਉਸਾਰੀ ਇਤਿਹਾਸ ਵਿੱਚੋਂ ਹੁੰਦੀ ਹੈ ਅਤੇ ਇਤਿਹਾਸ ਦੀ ਸਿਰਜਣਾ ਸਿਧਾਂਤਕ ਸੂਝ ਤੋਂ ਬਿਨਾਂ ਸੰਭਵ ਨਹੀਂ।"*[2]

ਇਹਨਾਂ ਸੂਤਰਾਂ ਦੀ ਰੋਸ਼ਨੀ ਥੱਲੇ ਅਸੀਂ ਇਹ ਧਾਰਨਾ ਬਣਾਉਂਦੇ ਹਾਂ ਕਿ ਡਾ. ਟੀ. ਆਰ. ਵਿਨੋਦ ਦੇ ਸਾਹਿਤ - ਚਿੰਤਨ ਦੇ ਸਿਧਾਂਤ ਨੂੰ ਮਾਰਕਸਵਾਦੀ ਪੰਜਾਬੀ ਆਲੋਚਨਾ ਵਿੱਚ ਹੀ ਨਿਸ਼ਚਿਤ ਕੀਤਾ ਜਾ ਸਕਦਾ ਹੈ ਅਤੇ ਡਾ. ਵਿਨੋਦ ਦੇ ਸਿਧਾਂਤ ਚਿੰਤਨ ਤੋਂ ਬਿਨਾਂ ਮਾਰਕਸਵਾਦੀ ਪੰਜਾਬੀ ਆਲੋਚਨਾ ਦੀ ਸਿਧਾਂਤਕਾਰੀ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਮਾਰਕਸਵਾਦੀ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਡਾ. ਟੀ. ਆਰ. ਵਿਨੋਦ ਦਾ ਵਿਸ਼ੇਸ਼ ਮਹੱਤਵ ਹੈ। ਉਹਨਾਂ ਤੋਂ ਪੂਰਬ ਮਾਰਕਸਵਾਦੀ ਪੰਜਾਬੀ ਆਲੋਚਨਾ ਦਾ ਮੁੱਢ ਬੰਨਣ ਵਾਲਿਆਂ ਵਿੱਚ ਪ੍ਰਿੰ. ਸੰਤ ਸਿੰਘ ਸੇਖੋਂ ਅਤੇ ਕਿਸ਼ਨ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ। ਡਾ. ਵਿਨੋਦ ਦੇ ਸਮਕਾਲ ਮਾਰਕਸਵਾਦੀ ਪੰਜਾਬੀ ਆਲੋਚਕਾਂ ਵਿੱਚ ਡਾ. ਅਤਰ ਸਿੰਘ, ਡਾ. ਕੇਸਰ ਸਿੰਘ ਕੇਸਰ, ਡਾ. ਰਵਿੰਦਰ ਸਿੰਘ ਰਵੀ, ਡਾ. ਗੁਰਬਖਸ਼ ਸਿੰਘ ਫਰੈਂਕ, ਡਾ. ਤੇਜਵੰਤ ਸਿੰਘ ਗਿੱਲ, ਡਾ. ਰਘਬੀਰ ਸਿੰਘ ਸਿਰਜਣਾ ਅਤੇ ਡਾ. ਸੁਰਜੀਤ ਸਿੰਘ ਭੱਟੀ ਆਦਿ ਆਲੋਚਕਾਂ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ।

ਪੰਜਾਬੀ ਸਾਹਿਤ ਦੀ ਮਾਰਕਸਵਾਦੀ ਆਲੋਚਨਾ ਦੇ ਸੰਸਥਾਪਕ ਸੰਤ ਸਿੰਘ ਸੇਖੋ ਸਨ ਅਤੇ ਵਿਸਥਾਰਕ ਕਿਸ਼ਨ ਸਿੰਘ ਸਨ। ਇਸ ਤੋਂ ਬਿਨਾਂ ਇਸ ਦੌਰ ਵਿੱਚ ਜਿੱਥੇ ਅਧਿਆਪਨ ਕਾਰਜ ਨਾਲ ਸਬੰਧ ਰੱਖਣ ਵਾਲੇ ਆਲੋਚਕਾਂ ਨੇ ਇਸ ਆਲੋਚਨਾ ਪ੍ਰਣਾਲੀ ਨੂੰ ਅਪਣਾਇਆ ਉਥੇ ਪੰਜਾਬੀ ਸਾਹਿਤ ਵਿੱਚ ਰੁਚੀ ਰੱਖਣ ਵਾਲੇ ਹੋਰ ਵੀ ਬਹੁਤ ਸਾਰੇ ਆਲੋਚਕ ਹਨ ਜਿਹਨਾਂ ਨੇ ਇਸ ਦੀਆਂ ਮੂਲ ਧਾਰਨਾਵਾਂ ਨੂੰ ਅਪਣਾਇਆ ਹੈ।

ਪੰਜਾਬੀ ਮਾਰਕਸਵਾਦੀ ਆਲੋਚਨਾ ਦੇ ਖੇਤਰ ਵਿੱਚ ਡਾ. ਟੀ. ਆਰ. ਵਿਨੋਦ ਦੀ ਆਲੋਚਨਾ ਦਾ ਵਿਸ਼ੇਸ਼ ਖੇਤਰ ਪੰਜਾਬੀ ਸੰਸਕ੍ਰਿਤੀ ਅਤੇ ਪੰਜਾਬੀ ਗਲਪ ਹੈ। ਉਸ ਦੀ ਆਲੋਚਨਾ ਦ੍ਰਿਸ਼ਟੀ ਦਾ ਦਾਰਸ਼ਨਿਕ ਆਧਾਰ ਮਾਰਕਸਵਾਦ ਹੈ। ਪੰਜਾਬੀ ਗਲਪ ਸਾਹਿਤ ਦਾ ਸ਼ਾਇਦ ਹੀ ਕੋਈ ਅਜਿਹਾ ਲੇਖਕ, ਆਲੋਚਕ ਜਾਂ ਖੋਜਾਰਥੀ ਹੋਵੇਗਾ ਜੋ ਡਾ. ਵਿਨੋਦ ਦੀ ਸਾਹਿਤਿਕ ਸੇਵਾ ਤੋਂ ਜਾਣੂ ਨਹੀਂ ਹੋਵੇਗਾ। ਡਾ. ਟੀ. ਆਰ. ਵਿਨੋਦ ਦੀ ਦ੍ਰਿਸ਼ਟੀ ਬਾਰੇ ਸੰਤ ਸਿੰਘ ਸੇਖੋ ਲਿਖਦੇ ਹਨ-

*"ਵਿਨੋਦ ਦੀ ਗਲਪ ਸਾਹਿਤ ਵੱਲ ਪਹੁੰਚ ਸ਼ਾਸਤਰੀ ਪ੍ਰਣਾਲੀ ਅਤੇ ਮਾਰਕਸਵਾਦੀ ਪ੍ਰਣਾਲੀ ਦਾ ਸੋਹਣਾ ਸੁਮੇਲ ਹੈ ਜਿਸ ਨੂੰ ਸਾਡੇ ਅਧਿਆਪਨ ਖੇਤਰ ਵਿੱਚ ਆਮ ਕਰਕੇ ਅਪਣਾਇਆ ਜਾਂਦਾ ਹੈ ਅਤੇ ਪ੍ਰਗਤੀਵਾਦ ਆਖਿਆ ਜਾਂਦਾ ਹੈ।"*[3]

ਡਾ. ਟੀ.ਆਰ. ਵਿਨੋਦ ਦੀ ਚਿੰਤਨ ਦ੍ਰਿਸ਼ਟੀ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਅਖੌਤੀ ਮਾਰਕਸਵਾਦੀ ਚਿੰਤਕਾਂ ਵਾਂਗ ਮਾਰਕਸਵਾਦੀ ਚਿੰਤਨ-ਪ੍ਰਬੰਧ ਅਤੇ ਚਿੰਤਨ ਵਿਧੀ ਦੇ ਮੂਲ ਆਧਾਰਾਂ ਨੂੰ ਸਰਲ ਰੂਪ ਵਿੱਚ ਗ੍ਰਹਿਣ ਕਰਨ ਦੀ ਥਾਂ ਇਹਨਾਂ ਉੱਪਰ ਡੂੰਘੀ ਪਕੜ ਰੱਖਦੀ ਹੈ। ਇਸ ਦੀ ਮਿਸਾਲ ਉਸ ਦੀਆਂ ਪਿਛਲੇ ਪੰਜਾਹ ਸਾਲਾਂ ਦੌਰਾਨ ਸਾਹਿਤ ਸਮੀਖਿਆ ਬਾਰੇ ਛਪੀਆਂ ਪੁਸਤਕਾਂ, ਕੌਮਾਂਤਰੀ ਗੋਸ਼ਟੀਆਂ ਵਿੱਚ ਪੇਸ਼ ਕੀਤੇ ਗਏ ਸੋ ਦੇ ਕਰੀਬ ਖੋਜ ਪੱਤਰ ਅਤੇ ਰੋਜ਼ਾਨਾ ਪੰਜਾਬੀ ਦੇ ਅਖਬਾਰਾਂ ਵਿੱਚ ਛਪਦੇ ਪੰਜਾਬੀ ਦੀਆਂ ਪੁਸਤਕਾਂ ਬਾਰੇ ਰਿਵਿਊ ਆਦਿ ਵਿੱਚ ਪ੍ਰਮਾਣਿਕ ਤੌਰ 'ਤੇ ਦਿਖਾਈ ਦਿੰਦੀ ਹੈ। ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਵਿੱਚ ਵੀ ਡਾ. ਵਿਨੋਦ ਦੇ ਕਈ ਮਜਮੂਨ ਮਿਲਦੇ ਹਨ ਜਿਹਨਾਂ ਵਿੱਚੋਂ ਅੰਗਰੇਜ਼ੀ ਵਿੱਚ ਮਿੱਤਰ ਸੈਨ ਮੀਤ ਦੀ ਨਾਵਲੀ ਚੇਤਨਾ ਬਾਰੇ ਇੱਕ ਪੂਰੀ ਪੁਸਤਕ 'Fiction of Mitter Sen Meet' ਵੀ ਪ੍ਰਕਾਸ਼ਿਤ ਹੋਈ ਹੈ।

ਸਾਹਿਤ ਸਬੰਧੀ ਡਾ. ਟੀ. ਆਰ. ਵਿਨੋਦ ਨੇ ਪਹਿਲਾ ਮਜਮੂਨ 'ਰਸ ਸਿਧਾਂਤ' ਬਾਰੇ ਲਿਖਿਆ ਜੋ ਕਿ ਸਾਹਿਤ ਸਮਾਚਾਰ ਦੇ ਸਮਾਲੋਚਨਾ ਅੰਕ ਵਿੱਚ 1959 ਈਸਵੀ ਵਿੱਚ ਛਪਿਆ। ਇਸ ਮਜਮੂਨ ਦੀਆਂ ਦੋ ਮੁੱਖ ਵਿਸ਼ੇਸ਼ਤਾਵਾਂ ਹਨ-ਇੱਕ ਤਾਂ ਇਹ ਕਿ ਡਾ. ਟੀ. ਆਰ. ਵਿਨੋਦ ਨੇ ਇਸ ਸਿਧਾਂਤ ਦੀ ਵਿਆਖਿਆ ਮਾਰਕਸਵਾਦੀ ਦ੍ਰਿਸ਼ਟੀ ਤੋਂ ਕੀਤੀ ਅਤੇ ਦੂਜੀ ਡਾ. ਵਿਨੋਦ ਨੇ ਸੰਤ ਸਿੰਘ ਸੇਖੋ ਦੀ ਰਸ ਸਿੱਧਾਂਤ ਸਬੰਧੀ ਧਾਰਨਾਂ ਦਾ ਖੰਡਨ ਕੀਤਾ ਹੈ। ਡਾ. ਟੀ. ਆਰ. ਵਿਨੋਦ ਦੀ ਆਲੋਚਨਾ ਵਿੱਚ ਸਪਸ਼ਟਤਾ ਹੈ। ਆਮ ਤੌਰ 'ਤੇ ਬਹੁਤੇ ਪੰਜਾਬੀ ਸਾਹਿਤ ਚਿੰਤਕ ਪ੍ਰਗਤੀਵਾਦ ਅਤੇ ਮਾਰਕਸਵਾਦ ਨੂੰ ਇੱਕੋ ਅਰਥ ਵਿੱਚ ਵਰਤਦੇ ਹਨ। ਡਾ. ਵਿਨੋਦ ਨੇ ਜਿੱਥੇ ਇਹਨਾਂ ਦੋਹਾਂ ਵਿਚਕਾਰ ਸਾਂਝ ਦਰਸ਼ਾਈ ਹੈ ਉਥੇ ਦੋਹਾਂ ਵਿਚਲੇ ਫਾਸਲੇ ਬਾਰੇ ਵੀ ਗੱਲ ਕੀਤੀ ਹੈ। ਇਸ ਸੰਦਰਭ ਵਿੱਚ ਡਾ. ਵਿਨੋਦ ਦੀ ਪੁਸਤਕ 'ਸਾਹਿਤ ਆਲੋਚਨਾ-ਸਿਧਾਂਤ ਅਤੇ ਸਿਧਾਂਤਕਾਰ' ਵਿਚ ਦਰਜ "ਮਾਰਕਸਵਾਦੀ ਪੰਜਾਬੀ ਆਲੋਚਨਾ ਅਤੇ ਮਾਰਕਸਵਾਦੀ ਪੰਜਾਬੀ ਆਲੋਚਨਾ-ਕੁਝ ਸਮੱਸਿਆਵਾਂ" ਮਜਮੂਨ ਖਾਸ ਤੌਰ 'ਤੇ ਵਰਨਣਯੋਗ ਹੈ। ਡਾ. ਵਿਨੋਦ ਨੇ ਆਪਣੇ ਪ੍ਰਸਿੱਧ ਮਜਮੂਨ 'ਪੰਜਾਬੀ ਆਲੋਚਨਾ ਦੀ ਸਥਿਤੀ' ਵਿੱਚ ਮਾਰਕਸਵਾਦੀ ਆਲੋਚਕਾਂ ਸੰਤ ਸਿੰਘ ਸੇਖੋ, ਕਿਸ਼ਨ ਸਿੰਘ ਆਦਿ ਦੀਆਂ ਮੱਧਕਾਲੀ ਪੰਜਾਬੀ ਸਾਹਿਤ ਅਤੇ ਪੰਜਾਬ ਦੀ ਮੱਧਕਾਲੀਨ ਸਥਿਤੀ ਬਾਰੇ ਉਹਨਾਂ ਦੀਆਂ ਬਣੀਆਂ ਧਾਰਨਾਵਾਂ ਵਿਚਲੀਆਂ ਉਣਤਾਈਆਂ ਅਤੇ ਉਲਾਰਤਾਵਾਂ ਨੂੰ ਸਪਸ਼ਟ ਕੀਤਾ ਹੈ।

ਡਾ. ਟੀ. ਆਰ. ਵਿਨੋਦ ਦਾ ਮਾਰਕਸਵਾਦੀ ਪੰਜਾਬੀ ਆਲੋਚਨਾ ਵਿੱਚ ਵਿਸ਼ੇਸ਼ ਮਹੱਤਵ ਹੈ। ਮਾਰਕਸਵਾਦੀ ਪੰਜਾਬੀ ਆਲੋਚਨਾ ਦਾ ਪਿੜ ਬੰਨਣ ਵਾਲਿਆਂ ਵਿੱਚ ਉਸ ਤੋਂ ਪੂਰਵਲੇ ਅਧਿਐਨ ਕਾਲ ਵਿੱਚ ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਦਾ ਮਹੱਤਵਪੂਰਨ ਯੋਗਦਾਨ ਹੈ। ਡਾ. ਵਿਨੋਦ ਦੇ ਸਮਕਾਲੀ ਮਾਰਕਸਵਾਦੀ ਆਲੋਚਕਾਂ ਵਿੱਚ ਡਾ. ਅਤਰ ਸਿੰਘ, ਡਾ. ਰਵਿੰਦਰ ਸਿੰਘ ਰਵੀ, ਡਾ. ਕੇਸਰ ਸਿੰਘ ਕੇਸਰ, ਡਾ. ਗੁਰਬਖਸ਼ ਸਿੰਘ ਫਰੈਂਕ, ਡਾ. ਤੇਜਵੰਤ ਸਿੰਘ ਗਿੱਲ, ਡਾ. ਰਘਬੀਰ ਸਿੰਘ ਸਿਰਜਣਾ ਅਤੇ ਡਾ. ਸੁਰਜੀਤ ਸਿੰਘ ਭੱਟੀ ਆਦਿ ਨੇ ਵੀ ਇਸ ਖੇਤਰ ਵਿੱਚ ਵਾਧਾ ਕੀਤਾ। ਮਾਰਕਸਵਾਦੀ ਪੰਜਾਬੀ ਆਲੋਚਨਾ ਦਾ ਮੁੱਢ ਪ੍ਰਿੰ. ਸੰਤ ਸਿੰਘ ਸੇਖੋ ਤੋਂ ਸ਼ੁਰੂ ਹੋ ਕੇ ਲਗਾਤਾਰ ਵਿਕਾਸ ਦੀ ਧਾਰਾ ਵਿੱਚ ਪ੍ਰਵਾਹਿਤ ਹੁੰਦਾ ਹੈ। ਜਿਸ ਕਰਕੇ ਸਾਹਿਤ-ਹੋਂਦ ਵਿਧੀ, ਸਾਹਿਤ ਪ੍ਰਤੀਬੱਧਤਾ, ਸਾਹਿਤ ਅਤੇ ਚਿੰਤਨ ਦੀ ਸਾਂਝ, ਸਾਹਿਤ ਅਤੇ ਪ੍ਰਚਾਰ, ਸਾਹਿਤ-ਪ੍ਰਕਿਰਤੀ, ਸਾਹਿਤ-ਪ੍ਰਯੋਜਨ, ਸਾਹਿਤ ਅਤੇ ਸੁਤੰਤਰਤਾ, ਆਲੋਚਨਾ ਅਤੇ ਸਾਹਿਤ ਦੇ ਰਿਸ਼ਤੇ, ਸਾਹਿਤ ਅਧਿਐਨ ਵਿਧੀ ਦੇ ਨਵੇਂ ਸਿਧਾਂਤਕ ਪਹਿਲੂ ਉਜਾਗਰ ਹੁੰਦੇ ਹਨ। ਇਹਨਾਂ ਸਿਧਾਂਤਕ ਪਹਿਲੂਆਂ ਦੇ ਲਗਾਤਾਰ ਵਿਕਾਸ ਕਰਕੇ ਮਾਰਕਸਵਾਦੀ ਪੰਜਾਬੀ ਆਲੋਚਨਾ ਦੇ ਦੋ ਜੁੱਟ ਬਣ ਜਾਂਦੇ ਹਨ। ਪਹਿਲੇ ਜੁੱਟ ਅੰਦਰ ਡਾ. ਟੀ. ਆਰ. ਵਿਨੋਦ ਤੋਂ ਪਹਿਲਾਂ ਵਾਲੇ ਮਾਰਕਸਵਾਦੀ ਪੰਜਾਬੀ ਆਲੋਚਕ ਆਉਂਦੇ ਹਨ ਅਤੇ ਦੂਸਰੇ ਜੁੱਟ ਅੰਦਰ ਦੂਸਰੀ ਪੀੜੀ ਦੇ ਮਾਰਕਸਵਾਦੀ ਆਲੋਚਕ। ਇਸ ਤਰ੍ਹਾਂ -

*"ਉਹ ਪਹਿਲੀ ਅਤੇ ਦੂਸਰੀ ਪੀੜ੍ਹੀ ਦੀ ਮਾਰਕਸਵਾਦੀ ਪੰਜਾਬੀ ਆਲੋਚਨਾ ਵਿਚਕਾਰ ਇੱਕ ਪੁਲ ਵਾਂਗ ਹੈ।"[4]*

ਡਾ. ਹਰਭਜਨ ਹਲਵਾਰਵੀ ਦੇ ਸ਼ਬਦਾਂ ਅਨੁਸਾਰ –

*"ਉਸ ਦੀ ਆਲੋਚਨਾ ਪਹਿਲੀ ਅਤੇ ਦੂਜੀ ਪੀੜ੍ਹੀ ਦੇ ਵਿਦਵਾਨਾਂ ਵਿਚਕਾਰ ਮਜਬੂਤ ਕੜੀ ਦਾ ਕੰਮ ਕਰਦੀ ਹੈ।"[5]*

ਡਾ. ਟੀ. ਆਰ. ਵਿਨੋਦ ਦੀ ਮਾਰਕਸਵਾਦੀ ਪੰਜਾਬੀ ਆਲੋਚਨਾ ਬਾਰੇ ਕੇਸਰ ਸਿੰਘ ਕੇਸਰ ਲਿਖਦੇ ਹਨ-

*"ਵਿਨੋਦ ਦੁਆਰਾ ਨਿਰਮਤ ਸਾਹਿਤ ਸ਼ਾਸਤਰ ਸੇਖੋਂ ਕਿਸ਼ਨ ਸਿੰਘ ਸਾਹਿਤ ਸ਼ਾਸਤਰ ਤੋਂ ਅਗਲੇਰਾ ਕਦਮ ਹੈ।"[6]*

ਡਾ. ਟੀ. ਆਰ. ਵਿਨੋਦ ਤੋਂ ਪੂਰਬਲੇ ਆਲੋਚਕਾਂ ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਵਿਚਾਲੇ ਸਾਹਿਤ ਦੀ ਪ੍ਰਕਿਰਤੀ ਅਤੇ ਪ੍ਰਯੋਜਨ, ਸਾਹਿਤ ਅਤੇ ਵਿਚਾਰਧਾਰਾ, ਸਾਹਿਤ ਅਤੇ ਚਿੰਤਨ, ਸਾਹਿਤ ਅਤੇ ਆਲੋਚਨਾ ਦੇ ਸਰੂਪ ਨੂੰ ਲੈ ਕੇ ਤਿੱਖਾ ਸੰਵਾਦ ਛਿੜਿਆ। ਸੰਤ ਸਿੰਘ ਸੇਖੋਂ ਨੇ ਸਾਹਿਤ ਪ੍ਰਯੋਜਨ ਸਬੰਧੀ ਜਿਆਦਾ ਮਹੱਤਤਾ ਦਿੱਤੀ ਅਤੇ ਸਾਹਿਤ ਪ੍ਰਕਿਰਤੀ ਵੱਲ ਜਿਆਦਾ ਧਿਆਨ ਨਹੀਂ ਦਿੱਤਾ। ਸੰਤ ਸਿੰਘ ਸੇਖੋਂ ਲਿਖਦੇ ਹਨ-

*"ਸਾਹਿਤ ਵੀ ਉਸੇ ਪ੍ਰਕਾਰ ਦਾ ਇੱਕ ਸਮਾਜਿਕ ਕਰਮ ਹੈ ਜਿਸ ਪ੍ਰਕਾਰ ਦੀ ਕੋਈ ਹੋਰ ਕਿਰਤ, ਕਿਰਸਾਣੀ ਜਾਂ ਕਾਰੀਗਰੀ ਇਸ ਦਾ ਮਹੱਤਵ ਸਮਾਜਿਕ ਕਲਿਆਣ, ਸਮਾਜ ਦੀ ਉਸਾਰੀ ਵਿੱਚ ਭਾਗ ਪਾਣਾ ਤੇ ਨਵੀਨ ਪ੍ਰਧਾਨ ਹੋ ਰਹੀ ਸ਼੍ਰੇਣੀ, ਕਿਰਤੀ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਨਾ ਹੈ।"[7]*

ਸੰਤ ਸਿੰਘ ਸੇਖੋਂ ਸਾਹਿਤ ਪ੍ਰਯੋਜਨ ਸੰਬੰਧੀ ਲਿਖਦੇ ਹਨ-

*"ਸਾਹਿਤ ਦੀ ਵੱਡੀ ਜਿੰਮੇਵਾਰੀ ਰਾਜਸੀ ਹੈ ਜਿਹੜਾ ਸਾਹਿਤ ਕਿਸੇ ਕਾਰਨ ਵੀ ਸਮੇਂ ਦੀ ਰਾਜਸੀ ਸਥਿਤੀ ਤੋਂ ਅਣਜਾਣ ਜਾਂ ਗਾਫਲ ਹੈ, ਉਹ ਆਪਣੀ ਸਮਾਜਕ ਜਿੰਮੇਵਾਰੀ ਨੂੰ ਨਹੀਂ ਨਿਭਾ ਰਿਹਾ।"[8]*

ਪਰ ਪ੍ਰੋ. ਕਿਸ਼ਨ ਸਿੰਘ ਇਸ ਦੇ ਉਲਟ ਸੇਖੋਂ ਦੇ ਇਹਨਾਂ ਵਿਚਾਰਾਂ ਦੇ ਵਿਰੋਧ ਵਿੱਚ ਲਿਖਦੇ ਹਨ-

*"ਸਾਹਿਤ ਦੀ ਜਿੰਮੇਵਾਰੀ ਰਾਜਸੀ ਕਹਿਣਾ ਇਹ ਕਹਿਣ ਦੇ ਬਰਾਬਰ ਹੈ ਕਿ ਜ਼ਿੰਦਗੀ ਵਿਚ ਕੰਮ ਹੀ ਸਿਆਸੀ ਹੈ, ਹੋਰ ਹੈ ਹੀ ਨਹੀਂ।"[9]*

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ *ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਵਿਚਕਾਰ ਸਾਹਿਤ ਸਬੰਧੀ ਮਸਲਿਆਂ ਨੂੰ ਲੈ ਕੇ ਜੋ ਬਹਿਸ ਛਿੜੀ, ਉਸੇ ਬਹਿਸ ਵਿੱਚੋਂ ਹੀ ਡਾ. ਟੀ. ਆਰ. ਵਿਨੋਦ ਦਾ ਸਾਹਿਤ ਚਿੰਤਨ ਆਪਣਾ ਪਹਿਲਾ ਕਦਮ ਪੁੱਟਦਾ ਹੈ। ਡਾ. ਟੀ. ਆਰ. ਵਿਨੋਦ ਨੇ ਮਾਰਕਸਵਾਦੀ ਪੰਜਾਬੀ ਆਲੋਚਨਾ ਵਿੱਚ ਆਪਣੀ ਨਿਵੇਕਲੀ ਛਾਪ ਸਥਾਪਿਤ ਕੀਤੀ। ਡਾ. ਵਿਨੋਦ ਨੇ ਤਕਰੀਬਨ ਢਾਈ ਦਰਜਨ ਦੇ ਲਗਭਗ ਮੌਲਿਕ ਤੇ ਸੰਪਾਦਿਤ ਪੁਸਤਕਾਂ ਦੀ ਸਿਰਜਣਾ ਕੀਤੀ। ਡਾ. ਟੀ. ਆਰ. ਵਿਨੋਦ ਮਾਰਕਸਵਾਦੀ ਦਰਸ਼ਨ ਦੇ ਬੁਨਿਆਦੀ ਸਿਧਾਂਤਕਾਰਾਂ ਵਿੱਚੋਂ ਕਾਰਲ ਮਾਰਕਸ, ਫਰੈਡਰਿਕ ਏਂਗਲਜ, ਵੀ. ਆਈ. ਲੈਨਿਨ, ਸਟਾਲਿਨ, ਮਾਉ-ਜੇ-ਤੁੰਗ ਤੇ ਆਧੁਨਿਕ ਰੂਸੀ ਚਿੰਤਕ ਪਲੈਖ਼ਾਨੋਵ ਅਤੇ ਉਸ ਤੋਂ ਬਿਨਾਂ ਰੇਫਲ ਫਾਕਸ, ਕਾਰਵੈਲ ਅਤੇ ਹਾਵਰਡ ਫਾਸਟ ਤੋਂ ਬਹੁਤ ਪ੍ਰਭਾਵਿਤ ਹੈ। ਇਸ ਤੱਥ ਦੀ ਪੁਸ਼ਟੀ ਉਸ ਦੇ ਚਿੰਤਨ ਕਾਰਜ ਵਿੱਚ ਥਾਂ-ਥਾਂ ਵਰਤੇ ਇਹਨਾਂ ਦੇ ਸੰਕਲਪਾਂ ਸਿਧਾਂਤਾਂ ਅਤੇ ਹਵਾਲਿਆਂ ਵਿੱਚੋਂ ਵੀ ਹੋ ਜਾਂਦੀ ਹੈ।"[10]*

ਪ੍ਰਿੰ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਦੇ ਸੰਵਾਦ ਵਿੱਚੋਂ ਪੈਦਾ ਹੋਏ ਸਾਹਿਤ ਅਤੇ ਅਣਸਾਹਿਤ ਦੇ ਮਸਲੇ ਤੋਂ ਹੀ ਆਰੰਭ ਹੁੰਦਾ ਹੈ ਡਾ. ਟੀ. ਆਰ. ਵਿਨੋਦ ਦੇ ਸਿਧਾਂਤਾਂ ਦਾ। ਸਾਹਿਤ ਪ੍ਰਕਿਰਤੀ ਅਤੇ ਸਰੂਪ ਨੂੰ ਸਪਸ਼ਟ ਕਰਨ ਲਈ ਡਾ. ਵਿਨੋਦ ਸਾਹਿਤ ਅਤੇ ਅਣਸਾਹਿਤ ਵਿਚਕਾਰ ਇੱਕ ਪੱਕੀ ਲਕੀਰ ਖਿੱਚਣ ਦਾ ਯਤਨ ਕਰਦਾ ਹੈ। ਡਾ. ਟੀ. ਆਰ. ਵਿਨੋਦ ਅਨੁਸਾਰ -

*"ਅਣਸਾਹਿਤ ਦਾ ਮਨੋਰਥ ਸਿਰਜਣ ਪ੍ਰਕਿਰਿਆ ਨਹੀਂ ਸਗੋਂ ਇਸ ਰਾਹੀਂ ਕਿਸੇ ਹੋਰ ਮਨੋਰਥ ਦੀ ਸਿੱਧੀ ਹੁੰਦੀ ਹੈ।"[11]*

ਡਾ. ਟੀ. ਆਰ. ਵਿਨੋਦ ਇਕ ਪ੍ਰਤਿਬੱਧ ਮਾਰਕਸਵਾਦੀ ਆਲੋਚਕ ਹੋਣ ਦੇ ਨਾਤੇ ਸਾਹਿਤ ਵਿੱਚ ਯਥਾਰਥਵਾਦੀ ਪ੍ਰਵਿਰਤੀ ਦੀ ਹਾਮੀ ਭਰਦਾ ਹੈ। ਪਰ ਉਹ ਇਸ ਪਾਸਿਓਂ ਪੂਰਨ ਤੌਰ ਤੇ ਸੁਚੇਤ ਹੈ ਕਿ ਸਾਹਿਤ ਇਸ ਦਿਸਦੀ ਦੁਨੀਆ ਦਾ ਹੂ-ਬ-ਹੂ ਚਿੱਤਰ ਮਾਤਰ ਨਹੀਂ ਹੈ, ਸਗੋਂ ਇਸ ਅੰਦਰ ਸਾਹਿਤਕਾਰ ਦੀ ਕਲਪਨਾ ਸ਼ਕਤੀ ਵੀ ਪ੍ਰਵਿਰਤ ਹੁੰਦੀ ਹੈ। ਇਸ ਤਰ੍ਹਾਂ ਡਾ. ਟੀ. ਆਰ. ਵਿਨੋਦ ਦੀ ਸਥਾਪਨਾ ਹੈ ਕਿ-

*"ਸਾਹਿਤ ਅਸਲੀਅਤ ਦਾ ਕਲਪਨਾਸ਼ੀਲ ਬਿੰਬ ਹੁੰਦਾ ਹੈ।"*[12]

*"ਅਜਿਹਾ ਬਿੰਬ ਜਿਸ ਵਿੱਚ ਸਧਾਰਨ ਘਟਿਤ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਵਾਪਰਦੀਆਂ ਘਟਨਾਵਾਂ ਹੂ-ਬ-ਹੂ ਹੋਣ ਦਾ ਡ਼ਾਉਲਾ ਭਾਵੇਂ ਪੈਂਦਾ ਹੈ ਪਰ ਇਹਦਾ ਇਹ ਸਰੂਪ ਨਿਖਾਰਨ ਪਿੱਛੇ ਸਾਹਿਤਕਾਰ ਦਾ ਆਪਣਾ ਅਨੁਭਵ ਵੀ ਨਿਹਿਤ ਹੈ। ਸੋ ਸਾਹਿਤ ਜ਼ਿੰਦਗੀ ਜਮ੍ਹਾ ਸਾਹਿਤਕਾਰ ਦਾ ਆਪਾ ਹੁੰਦਾ ਹੈ।"*[13]

ਡਾ. ਟੀ. ਆਰ. ਵਿਨੋਦ ਆਪਣੇ ਮਾਰਕਸਵਾਦੀ ਵਿਚਾਰਾਂ ਸਦਕਾ ਇਕ ਇਹੋ ਜਿਹੇ ਸੰਤੁਲਿਤ ਸਮਾਜ ਦੀ ਕਲਪਨਾ ਕਰਦਾ ਹੈ ਜਿਸ ਦਾ ਆਧਾਰ ਉਹ ਸੰਸਕ੍ਰਿਤੀ ਨੂੰ ਮੰਨਦਾ ਹੈ। ਸਾਹਿਤ ਦੁਆਰਾ ਸੰਸਕਾਰ ਪੈਦਾ ਕੀਤੇ ਜਾ ਸਕਦੇ ਹਨ ਅਤੇ ਸੰਸਕ੍ਰਿਤੀ ਸੰਸਕਾਰਾਂ ਦਾ ਸਮੂਹ ਹੈ। ਇਹਨਾਂ ਵਿਚਾਰਾਂ ਦੀ ਪੁਸ਼ਟੀ ਕਰਦੇ ਹੋਏ ਪ੍ਰਕਾਸ਼ ਸਿੰਘ ਲਿਖਦੇ ਹਨ-

*"ਵਿਨੋਦ ਨੇ ਪੰਜਾਬੀ ਨਾਵਲ ਨੂੰ ਆਧਾਰ ਬਣਾ ਕੇ ਪੰਜਾਬੀ ਸੰਸਕ੍ਰਿਤੀ ਦਾ ਅਧਿਐਨ ਥਾਂ ਪਰ ਥਾਂ ਕੀਤਾ ਹੈ।"*[14]

ਡਾ. ਟੀ. ਆਰ. ਵਿਨੋਦ ਜਿੱਥੇ ਖੁਦ ਮਾਰਕਸਵਾਦੀ ਆਲੋਚਨਾ ਦ੍ਰਿਸ਼ਟੀ ਦਾ ਧਾਰਨੀ ਹੈ ਉਥੇ ਉਹ ਹੋਰਨਾਂ ਸਾਹਿਤਕਾਰਾਂ ਵੱਲੋਂ ਵੀ ਇਹੀ ਆਸ ਕਰਦਾ ਹੈ ਕਿ ਉਹ ਮਾਰਕਸਵਾਦ ਨੂੰ ਸਾਹਿਤ ਦੇ ਕੇਂਦਰ ਬਿੰਦੂ ਵਜੋਂ ਪ੍ਰਸਤੁਤ ਕਰਨ ਦਾ ਯਤਨ ਕਰਨ। ਇਸੇ ਸੋਚ ਸਦਕਾ ਡਾ. ਵਿਨੋਦ ਪ੍ਰਕਿਰਤੀ ਵੱਲ ਵਾਪਸੀ ਦੇ ਪ੍ਰੇਰਿਤ ਸਾਹਿਤ ਨੂੰ ਨਿੰਦਨਯੋਗ ਮੰਨਦਾ ਹੈ। ਆਦਿ ਕਾਲ ਤੋਂ ਹੀ ਮਨੁੱਖ ਦਾ ਪ੍ਰਕਿਰਤੀ ਨਾਲ ਵਿਰੋਧ ਚਲਦਾ ਆ ਰਿਹਾ ਹੈ। ਆਧੁਨਿਕ ਸਮਾਜ ਦਾ ਸਮਕਾਲੀ ਵਿਕਾਸ ਪ੍ਰਕਿਰਤੀ ਨਾਲ ਵਿਰੋਧਤਾ ਵਜੋਂ ਹੀ ਹੋਇਆ ਹੈ। ਇਸੇ ਕਰਕੇ ਡਾ. ਵਿਨੋਦ ਪੰਜਾਬੀ ਸਾਹਿਤ ਦੇ ਪ੍ਰਸਿੱਧ ਕਵੀ ਭਾਈ ਵੀਰ ਸਿੰਘ ਜੀ ਅਤੇ ਪ੍ਰੋ. ਪੂਰਨ ਸਿੰਘ ਦੀਆਂ ਪ੍ਰਕਿਰਤੀ ਵੱਲ ਵਾਪਸੀ ਦੀਆਂ ਪ੍ਰੇਰਕ ਰਚਨਾਵਾਂ ਦਾ ਖੰਡਨ ਕਰਦਾ ਹੈ। ਬੇਸ਼ਕ ਡਾ. ਟੀ. ਆਰ. ਵਿਨੋਦ ਦੇ ਸਾਹਿਤ ਚਿੰਤਨ ਦਾ ਆਧਾਰ ਮਾਰਕਸਵਾਦੀ ਦਰਸ਼ਨ ਹੈ ਪਰ ਉਹ ਸਿਧਾਂਤ ਸਿਰਜਣਾ ਵੇਲੇ ਪੰਜਾਬੀ ਸਾਹਿਤ ਪਾਠਾਂ ਦੇ ਮੰਥਨ ਦੀ ਪ੍ਰਕਿਰਿਆ ਵਿੱਚੋਂ ਲੰਘ ਕੇ ਹੀ ਇਹਨਾਂ ਦਾ ਨਿਰਮਾਣ ਕਰਦਾ ਹੈ। ਇਸ ਤਰ੍ਹਾਂ ਡਾ. ਵਿਨੋਦ ਦਾ ਸਿਧਾਂਤ ਚਿੰਤਨ ਮਾਰਕਸਵਾਦੀ ਪੰਜਾਬੀ ਸਾਹਿਤ ਆਲੋਚਨਾ ਲਈ ਇੱਕ ਸੰਤੁਲਿਤ ਮਾਡਲ ਦੀ ਸਿਰਜਣਾ ਕਰਦਾ ਹੈ।

ਡਾ. ਟੀ. ਆਰ. ਵਿਨੋਦ ਦਾ ਕਥਨ ਹੈ ਕਿ –

*"ਸਾਹਿਤ ਅਤੇ ਚਿੰਤਨ ਵਿਚਕਾਰ ਉਹੀ ਰਿਸ਼ਤਾ ਹੈ ਜਿਹੜਾ ਜੀਵਨ ਅਤੇ ਉਸਦੀ ਸਮਝ ਵਿਚਕਾਰ।"*[15]

ਡਾ. ਟੀ. ਆਰ. ਵਿਨੋਦ ਇਸ ਕਥਨ ਤੋਂ ਗੱਲ ਸ਼ੁਰੂ ਕਰਦਿਆਂ ਸਾਹਿਤ ਅਤੇ ਚਿੰਤਨ ਦੇ ਅਮਲ ਦੀਆਂ ਪਰਤਾਂ ਅਤੇ ਪਾਸਾਰਾਂ ਨੂੰ ਇਕ ਨਵੀਂ ਦਿਸ਼ਾ ਤੋਂ ਸਮਝਣ-ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਡਾ. ਵਿਨੋਦ ਜੀਵਨ-ਸਿਧਾਂਤ ਅਤੇ ਸਾਹਿਤ-ਸਿਧਾਂਤ ਦੀ ਵੱਖਰਤਾ ਨੂੰ ਪ੍ਰਗਟ ਕਰਦਾ ਹੋਇਆ ਜੀਵਨ-ਸਿਧਾਂਤ ਅਤੇ ਸਾਹਿਤ-ਸਿਧਾਂਤ ਦੀ ਆਪਸੀ ਸਾਂਝ ਅਤੇ ਮੁੱਲ ਵੀ ਉਜਾਗਰ ਕਰਦਾ ਹੈ। ਡਾ. ਟੀ. ਆਰ. ਵਿਨੋਦ ਦਾ ਮੰਨਣਾ ਹੈ ਕਿ ਜੋ ਅੰਗ ਸਾਹਿਤ-ਚਿੰਤਨ ਦਾ ਆਧਾਰ ਬਣਦਾ ਹੈ, ਉਹ ਜੀਵਨ ਦੇ ਨਿੱਕੇ-ਨਿੱਕੇ ਪਹਿਲੂਆਂ ਦਾ ਸਹੀ ਅਰਥ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ। ਇਸ ਦੇ ਉਲਟ ਜਿਹੜਾ ਸਾਹਿਤ ਚਿੰਤਨ ਜੀਵਨ ਦੇ ਦਵੰਦਾਤਮਕ ਪਹਿਲੂਆਂ ਨੂੰ ਨਾਲ ਲੈ ਕੇ ਨਹੀਂ ਚੱਲਦਾ ਜਾਂ ਨਹੀਂ ਸਮਝਦਾ, ਜਾਂ ਇਹਨਾਂ ਸੰਬੰਧਾਂ ਦੇ ਵਿਕਾਸ ਤੋਂ ਜਾਣੂ ਨਹੀਂ ਹੁੰਦਾ, ਉਹ ਜੀਵਨ ਦੀ ਯੋਗ ਅਗਵਾਈ ਨਹੀਂ ਕਰ ਸਕਦਾ। ਨਾ ਹੀ ਮਨੁੱਖ ਦੇ ਮਾਨਸਿਕ ਪਹਿਲੂ ਦਾ ਸਹੀ ਚਿੱਤਰ ਸਾਹਿਤ ਵਿੱਚ ਪੇਸ਼ ਕਰ ਸਕਦਾ ਹੈ ਅਤੇ ਨਾ ਹੀ ਪਾਠਕ ਵਰਗ ਇਸ ਦੀ ਸਹੀ ਸਮਝ ਅਤੇ ਸੇਧ ਦੇਣ ਵਿੱਚ ਸਮਰੱਥ ਹੋ ਸਕਦਾ ਹੈ।

ਡਾ. ਟੀ.ਆਰ. ਵਿਨੋਦ ਸਾਹਿਤ-ਚਿੰਤਨ ਸੀਮਾ ਨਿਰਧਾਰਿਤ ਕਰਦੇ ਹੋਏ ਇਹਨਾਂ ਦੋਵਾਂ ਦੀ ਭਿੰਨਤਾ ਦਾ ਆਧਾਰ ਵੀ ਸਪਸ਼ਟ ਕਰਦੇ ਹਨ । ਚਿੰਤਨ ਨੂੰ ਸਾਹਿਤ ਦਾ ਬਦਲ ਨਹੀਂ ਮੰਨਿਆ ਜਾ ਸਕਦਾ ਪਰ ਇਹ ਦੋਵੇਂ ਇੱਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ। ਡਾ. ਵਿਨੋਦ ਦਾ ਇਹ ਕਥਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ,

*"ਸਾਹਿਤ ਚਿੰਤਨ ਨਹੀਂ ਨਾ ਚਿੰਤਨ ਸਾਹਿਤ ਹੈ ਪਰ ਸਾਹਿਤ ਨੂੰ ਚਿੰਤਨ ਕੋਲੋਂ ਲੋੜੀਦੀ ਅਗਵਾਹੀ ਮਿਲਦੀ ਰਹਿੰਦੀ ਹੈ ਅਤੇ ਚਿੰਤਨ ਵੀ ਸਾਹਿਤ ਵਿੱਚ ਪੇਸ਼ ਜੀਵਨ ਦੀ ਰੌਸ਼ਨੀ ਵਿੱਚ ਵਿਕਾਸ ਕਰਦਾ ਰਹਿੰਦਾ ਹੈ।"*[16]

ਡਾ. ਟੀ. ਆਰ. ਵਿਨੋਦ ਸਾਹਿਤ ਅਧਿਐਨ ਸੰਬੰਧੀ ਚਰਚਾ ਕਰਦਿਆਂ ਸ਼ੁੱਧ ਮਾਰਕਸਵਾਦੀ ਆਲੋਚਨਾ ਦੀ ਪਹਿਚਾਣ ਸਥਾਪਿਤ ਕਰਨ ਦਾ ਯਤਨ ਵੀ ਕਰਦਾ ਹੈ। ਡਾ. ਵਿਨੋਦ ਦਾ ਮੰਨਣਾ ਹੈ ਕਿ ਬਹੁਤ ਸਾਰੇ ਗੈਰ ਮਾਰਕਸਵਾਦੀ ਚਿੰਤਕ ਸਿਰਫ ਮਾਰਕਸਵਾਦੀ ਸ਼ਬਦਾਂ ਨੂੰ ਵਰਤ ਕੇ ਆਪਣੇ ਆਪ ਨੂੰ ਮਾਰਕਸਵਾਦੀ ਸਮਝਣ ਦਾ ਵਹਿਮ ਪਾਲ ਰਹੇ ਹਨ ਲੇਕਿਨ ਮਾਰਕਸਵਾਦੀ ਨਜ਼ਰੀਆ ਧਾਰਨ ਕਰਨ ਦਾ ਅਰਥ ਮਾਰਕਸਵਾਦੀ ਸ਼ਬਦਾਵਲੀ ਤੋਂ ਜਾਣੂ ਹੋਣਾ ਨਹੀਂ ਬਲਕਿ ਮਾਰਕਸਵਾਦੀ ਸਿਧਾਂਤ ਦੇ ਸੂਤਰਾਂ ਤੱਕ ਰਸਾਈ ਕਰਨਾ

ਅਤੇ ਪੰਜਾਬੀ ਸਾਹਿਤ ਆਲੋਚਨਾ ਸੰਬੰਧੀ ਇਹਨਾਂ ਨੂੰ ਮਾਰਕਸਵਾਦ ਦੇ ਮੂਲ ਸਿਧਾਂਤਾਂ ਨਾਲ ਜੋੜਨਾ ਅਤੇ ਨਿਖੇੜਨਾ ਹੈ।

ਪੰਜਾਬੀ ਸਾਹਿਤ ਆਲੋਚਨਾ ਜਗਤ ਵਿੱਚ ਮਾਰਕਸਵਾਦ ਨੂੰ ਪ੍ਰਗਤੀਵਾਦ ਅਤੇ ਪ੍ਰਗਤੀਵਾਦ ਨੂੰ ਮਾਰਕਸਵਾਦ ਸਮਝਣ ਦਾ ਰੁਝਾਨ ਲੰਬੇ ਸਮੇਂ ਤੋਂ ਪਰੰਪਰਾ ਦੇ ਰੂਪ ਵਿੱਚ ਚੱਲਿਆ ਆ ਰਿਹਾ ਹੈ ਲੇਕਿਨ ਡਾ. ਵਿਨੋਦ ਇਸ ਬੁੱਢੀ ਹੋ ਚੁੱਕੀ ਧਾਰਨਾ ਦੇ ਖਿਲਾਫ ਇਹਨਾਂ ਦੋਵਾਂ ਪ੍ਰਣਾਲੀਆਂ ਦੇ ਵਿਚਕਾਰ ਨਿਖੇੜੇ ਦੇ ਆਧਾਰ ਦੀ ਤਲਾਸ਼ ਕਰਦਾ ਹੈ। ਉਹ ਹਮੇਸ਼ਾ ਹੀ ਕਮਿਊਨਿਸਟਾਂ ਵੱਲੋਂ ਇਹਨਾਂ ਸਿਧਾਂਤਕ ਅਤੇ ਵਿਹਾਰਕ ਕਾਰਨਾਂ ਵਿੱਚੋਂ ਪ੍ਰਗਤੀਵਾਦ ਨੂੰ ਸਮਰਥਨ ਦੇਣ ਨੂੰ ਮੰਨਦਾ ਹੈ। ਪ੍ਰਗਤੀਵਾਦ ਸਾਮਰਾਜਵਾਦੀ ਅਤੇ ਸਾਮੰਤਵਾਦ ਸੱਭਿਆਚਾਰਾਂ ਦਾ ਵਿਰੋਧੀ ਸੀ ਅਤੇ ਮਾਰਕਸਵਾਦ ਵੀ। ਭਾਰਤ ਵਿੱਚੋਂ ਜਦੋਂ ਪ੍ਰਗਤੀਵਾਦੀ ਲਹਿਰ ਵਿਕਾਸ ਦੇ ਰਾਹ ਉਤੇ ਤੁਰੀ ਤਾਂ ਮਾਰਕਸਵਾਦੀ ਲਹਿਰ ਦਾ ਆਗਮਨ ਹੋਇਆ। ਉਸ ਸਮੇਂ ਭਾਰਤ ਦੇ ਸਾਹਿਤ ਆਲੋਚਕਾਂ ਲਈ ਮਾਰਕਸਵਾਦੀ ਦਰਸ਼ਨ ਦੇ ਮੂਲ ਸਿਧਾਂਤਾਂ ਨੂੰ ਅਪਣਾਉਣਾ ਇੱਕ ਔਖਾ ਕਾਰਜ ਸੀ। ਸੋ ਇਹਨਾਂ ਆਲੋਚਕਾਂ ਨੇ ਭਾਰਤੀ ਕੌਮੀ ਲਹਿਰ ਨੂੰ ਮਾਰਕਸਵਾਦ ਸਿਧਾਂਤਾਂ ਦੀ ਚੇਤਨਾ ਦੇਣ ਦੀ ਬਜਾਏ ਮਾਰਕਸਵਾਦ ਨੂੰ ਹੀ ਕੌਮੀ ਲਹਿਰ ਦੇ ਆਸ਼ੇ ਦੇ ਅਨੁਸਾਰ ਢਾਲ ਲਿਆ। ਸੋ ਪੰਜਾਬੀ ਸਾਹਿਤ ਵਿੱਚ ਮਾਰਕਸਵਾਦ ਦਾ ਪ੍ਰਵੇਸ਼ ਪ੍ਰਗਤੀਵਾਦ ਰਾਹੀਂ ਹੀ ਹੋਇਆ ਪਰ ਮਰਕਸਵਾਦ ਸਾਹਿਤ ਦੀ ਚੜ੍ਹਦੀ ਕਲਾ ਵੱਲ ਪ੍ਰਗਤੀਵਾਦੀ ਆਲੋਚਕਾਂ ਨੇ ਕੋਈ ਉਚੇਚਾ ਉਪਰਾਲਾ ਨਹੀਂ ਕੀਤਾ। ਡਾ. ਵਿਨੋਦ ਦਾ ਮੰਨਣਾ ਹੈ ਕਿ ਇੱਕ ਪਾਸੇ ਪ੍ਰਗਤੀਵਾਦ ਨੂੰ ਲੋਕ ਵਿਰੋਧੀ ਹੋਣ ਤੋਂ ਬਚਾਉਣਾ ਹੈ ਅਤੇ ਦੂਜੇ ਪਾਸੇ ਮਾਰਕਸਵਾਦ ਨਾਲ ਜੋੜਨ ਦੀ ਜਰੂਰਤ ਹੈ। ਰੂਪਵਾਦੀਆਂ ਨੇ ਮਾਰਕਸਵਾਦ ਦੀ ਮੂਲ ਸਥਾਪਨਾ ਪ੍ਰਤੀਬੱਧਤਾ ਅਤੇ ਪੱਖਪਾਤ ਨੂੰ ਨਿੰਦਦਿਆਂ ਇਸ ਨੂੰ ਸਾਹਿਤ ਤੋਂ ਕੋਰਾ ਅਤੇ ਨਿਰੋਲ ਇਤਿਹਾਸਿਕ ਨਜ਼ਰੀਆ ਮੰਨਿਆ ਜੋ ਸਾਹਿਤ ਨੂੰ ਕਲਾ ਦੇ ਨਹੀਂ ਬਲਕਿ ਰਾਜਨੀਤੀ ਦੇ ਅਧੀਨ ਕਰਦਾ ਹੈ। ਡਾ. ਵਿਨੋਦ ਨੇ ਰੂਪਵਾਦੀਆਂ ਦੀ ਇਸ ਵਿਚਾਰਧਾਰਾ ਨੂੰ ਖੰਡਿਤ ਕਰਦਿਆਂ ਲਿਖਿਆ ਹੈ –

> *"ਸਾਹਿਤਕਾਰ ਦੀ ਸਾਹਿਤ ਪ੍ਰਤੀ ਪ੍ਰਤੀਬੱਧਤਾ ਦਾ ਅਰਥ ਇਸ ਨੂੰ ਰਾਜਨੀਤੀ ਅਧੀਨ ਕਰਨਾ ਨਹੀਂ ਸਗੋਂ ਸਾਹਿਤਕਾਰ ਦੀ ਮਨਮਰਜ਼ੀ ਉੱਤੇ ਪ੍ਰਤੀਬੱਧ ਲਾਉਣਾ ਹੈ।"*[17]

ਡਾ. ਟੀ. ਆਰ. ਵਿਨੋਦ ਨੂੰ ਭਾਰਤੀ ਕਾਵਿ ਸ਼ਾਸਤਰ ਪ੍ਰਤੀ ਮਾਰਕਸਵਾਦ ਦਾ ਵਿਰੋਧੀ ਨਜ਼ਰੀਆ ਸਵੀਕਾਰ ਨਹੀਂ। ਭਾਰਤੀ ਕਾਵਿ ਸ਼ਾਸਤਰ ਵਿੱਚੋਂ ਪ੍ਰਾਪਤ ਕੀਤੀਆਂ ਅੰਤਰ ਦ੍ਰਿਸ਼ਟੀਆਂ ਦੀ ਡਾ. ਟੀ. ਆਰ. ਵਿਨੋਦ ਵੱਲੋਂ ਮਾਰਕਸਵਾਦ ਪ੍ਰਸੰਗ ਵਿੱਚ ਸੁਚੱਜੇ ਢੰਗ ਨਾਲ ਕੀਤੀ ਵਰਤੋਂ ਵਿੱਚੋਂ ਪ੍ਰਾਪਤ ਹੋਏ ਮਹੱਤਵਪੂਰਨ ਸੂਤਰ ਉਚੇਚੇ ਧਿਆਨ ਦੀ ਮੰਗ ਕਰਦੇ ਹਨ। ਇਹ ਮਹੱਤਵਪੂਰਨ ਸੂਤਰ ਡਾ. ਵਿਨੋਦ ਦੇ ਸਮੁੱਚੇ ਸਿਧਾਂਤ ਚਿੰਤਨ ਦਾ ਅਨਿੱਖੜਵਾਂ ਅੰਗ ਹਨ।

ਸੋ ਸਿੱਟੇ ਵਜੋਂ ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਪੰਜਾਬੀ ਮਾਰਕਸਵਾਦੀ ਚਿੰਤਨ ਜਗਤ ਵਿੱਚ ਡਾ. ਟੀ. ਆਰ. ਵਿਨੋਦ ਨੇ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਬੜਾ ਉਚੇਚਾ ਯੋਗਦਾਨ ਪਾਇਆ ਹੈ। ਡਾ. ਵਿਨੋਦ ਨੇ ਮਾਰਕਸਵਾਦੀ ਆਲੋਚਨਾ ਦੇ ਮੂਲ ਸਿਧਾਂਤਾਂ ਜਿਵੇਂ ਆਲੋਚਨਾ ਦਾ ਦਾਰਸ਼ਨਿਕ ਆਧਾਰ, ਸਾਹਿਤ ਉਸਾਰ ਦੇ ਅੰਗ ਵਜੋਂ, ਸੁਹਜ ਚੇਤਨਾ, ਕਾਵਿ ਤੇ ਯਥਾਰਥ, ਪ੍ਰਤੀਬੱਧਤਾ ਤੇ ਪੱਖਪਾਤ, ਲੇਖਕ ਦਾ ਉਦੇਸ਼ ਅਤੇ ਆਲੋਚਨਾ ਦੇ ਮਨੋਰਥ ਨੂੰ ਸਵੀਕਾਰ ਵੀ ਕੀਤਾ ਅਤੇ ਆਪਣੇ ਮੌਲਿਕ ਚਿੰਤਨ ਰਾਹੀਂ ਇਸ ਵਿੱਚ ਅਣਮੁੱਲਾ ਵਾਧਾ ਵੀ ਕੀਤਾ।

## *ਹਵਾਲੇ ਅਤੇ ਟਿੱਪਣੀਆਂ*


1. *ਹਰਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ: ਸਿਧਾਂਤ ਤੇ ਵਿਹਾਰ, ਪੰਨਾ–23*
2. *ਉਹੀ, ਪੰਨਾ–24*
3. *ਡਾ. ਸਤਨਾਮ ਸਿੰਘ ਜੱਸਲ (ਸੰਪਾ.), ਸਾਹਿਤ ਆਲੋਚਨਾ (ਸਿਧਾਂਤ ਅਤੇ ਸਿਧਾਂਤਕਾਰ), ਡਾ. ਟੀ. ਆਰ. ਵਿਨੋਦ, ਪੰਨਾ-9*
4. *ਜਸਵਿੰਦਰ ਸਿੰਘ ਤੇ ਮਾਨ ਸਿੰਘ ਢਿੰਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, (ਆਧੁਨਿਕ ਕਾਲ), ਪੰਨਾ-166*
5. *ਡਾ. ਅਮਰ ਤਰਸੇਮ ਤੇ ਵਿਨੀਤ ਕੁਮਾਰ (ਸੰਪਾ.), ਪੰਜਾਬੀ ਦਾ ਪ੍ਰਬੁੱਧ ਆਲੋਚਕ : ਟੀ. ਆਰ. ਵਿਨੋਦ, ਵਿਨੋਦ ਸਾਹਿਤ ਚਿੰਤਨ : ਵਿਸ਼ਲੇਸ਼ਣ ਤੇ ਮੁਲਾਂਕਣ, ਪੰਨਾ-123*
6. *ਉਹੀ, ਪੰਨਾ-56*
7. *ਸਮੀਖਿਆ ਦਾ ਇਤਿਹਾਸਵਾਦੀ ਸਿਧਾਂਤ, ਆਲੋਚਨਾ ਦੀਆਂ ਪ੍ਰਣਾਲੀਆਂ, ਪੰਨਾ-34*
8. *ਸੰਤ ਸਿੰਘ ਸੇਖੋਂ, ਕਾਵਿ ਸ਼ਿਰੋਮਣੀ, ਪੰਨਾ-18*
9. *ਪ੍ਰੋ. ਕਿਸ਼ਨ ਸਿੰਘ, ਸਾਹਿਤ ਦੀ ਸਮਝ, ਪੰਨਾ-193*
10. *ਵਿਨੋਦ ਸਾਹਿਤ ਚਿੰਤਨ, ਵਿਸ਼ਲੇਸ਼ਣ ਅਤੇ ਮੁਲਾਂਕਣ, ਪੰਨਾ- 271*
11. *ਟੀ. ਆਰ. ਵਿਨੋਦ, ਸਾਹਿਤ ਅਤੇ ਚਿੰਤਨ, ਪੰਨਾ-32*
12. *ਉਹੀ, ਪੰਨਾ-35*
13. *ਉਹੀ, ਪੰਨਾ-52*
14. *ਵਿਨੋਦ ਸਾਹਿਤ ਚਿੰਤਨ, ਵਿਸ਼ਲੇਸ਼ਣ ਅਤੇ ਮੁਲਾਂਕਣ, ਪੰਨਾ-237*
15. *ਡਾ. ਟੀ. ਆਰ. ਵਿਨੋਦ, ਸਾਹਿਤ ਅਤੇ ਚਿੰਤਨ, ਪੰਨਾ-17*
16. *ਉਹੀ, ਪੰਨਾ-24*
17. *ਡਾ. ਟੀ. ਆਰ. ਵਿਨੋਦ, ਸਾਹਿਤ ਅਤੇ ਚਿੰਤਨ, ਪੰਨਾ-20*